ਪੰਜਾਬ ਸਕੂਲ ਸਿੱਖਿਆ ਬੋਰਡ
ਜਨਤਕ ਨਿਯੁੱਕਤੀਆਂ

ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਚਲਾਏ ਜਾ ਰਹੇ ਆਦਰਸ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਲੈਬ ਅਟੈਡਟਾਂ ਦੀਆਂ 31 ਆਸਾਮੀਆਂ ਰੈਗੂਲਰ ਤੌਰ ਤੇ ਭਰਨ ਹਿੱਤ ਬਿਨੈਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਵਿੱਦਿਅਕ ਯੋਗਤਾ, ਸਰਤਾਂ ਅਤੇ ਨਿਰਧਾਰਤ ਪ੍ਰੋਫਾਰਮਾਂ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲੱਬਧ ਹੈ।

ਹਰ ਪੱਖੋਂ ਮੁਕੰਮਲ ਬਿਨੈਪੱਤਰ 400/- ਰੁ: ਦੇ "ਨਾ ਮੋੜਨਯੋਗ" ਡੀਮਾਂਡ ਡਰਾਫਟ (ਐਸ.ਸੀ/ਐਸ.ਟੀ ਲਈ 200/- ਰੁ;) ਜੋ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਾਂ ਤੇ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਅਦਾਇਗੀ ਯੋਗ ਹੋਵੇ, ਮਿਤੀ 9-5-2011 ਨੂੰ ਸਾਮ 5.00 ਵਜੇ ਤੱਕ ਜਾਂ ਪਹਿਲਾਂ ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਫੇਸ-8 ਸਾਹਿਬਜਾਦਾ ਅਜੀਤ ਸਿੰਘ ਨਗਰ ਕੋਲ ਪਹੁੰਚ ਜਾਣੇ ਚਾਹੀਦੇ ਹਨ ਫੀਸ ਕੈਸੀਅਰ ਪੰਜਾਬ ਸਕੂਲ ਸਿੱਖਿਆ ਬੋਰਡ ਪਾਸ ਨਕਦ ਵੀ ਜਮਾਂ ਕਰਵਾਈ ਜਾ ਸਕਦੀ ਹੈ। ਇਸ ਮਿਤੀ ਤੋਂ ਬਾਅਦ ਪ੍ਰਾਪਤ ਜਾਂ ਅਧੂਰੇ ਬਿਨੈਪੱਤਰ ਵਿਚਾਰੇ ਨਹੀਂ ਜਾਣਗੇ। ਜਿਨ੍ਹਾਂ ਉਮੀਦਵਾਰਾਂ ਨੇ ਮਿਤੀ 18-11-2009 ਨੂੰ ਵੱਖ-ਵੱਖ ਅਖਬਾਰਾਂ ਵਿਚ ਲੈਬ ਅਟੈਡਟਾਂ ਦੀਆਂ 12 ਆਸਾਮੀਆਂ ਕੰਟਰੈਕਟ ਆਧਾਰ ਤੇ ਭਰਨ ਲਈ ਦਿੱਤੇ ਇਸ਼ਤਿਹਾਰ ਦੇ ਸਬੰਧ ਵਿਚ ਪਹਿਲਾਂ ਅਪਲਾਈ ਕੀਤਾ ਹੋਇਆ ਹੈ, ਉਹ ਮੁੜ ਨਿਰਧਾਰਤ ਫੀਸ ਸਹਿਤ ਨਵੇਂ ਸਿਰਿਓਂ ਬਿਨੈ ਪੱਤਰ ਭੇਜਣ।

ਸਕੱਤਰ

## ਪੰਜਾਬ ਸਕੂਲ ਸਿੱਖਿਆ ਬੋਰਡ

### ਆਮ ਨਿਯੁਕਤੀਆਂ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਾਜ ਦੇ ਪੇਂਡੂ ਖੇਤਰਾਂ ਵਿੱਚ ਚਲਾਏ ਜਾ ਰਹੇ ਆਦਰਸ਼ ਸੀਨੀ.:ਸੈਕੰ: ਸਕੂਲਾਂ ਵਿਖੇ ਲੈਬਾਟਰੀ ਅਟੈਂਡੰਟ ਦੀਆਂ ਅਸਾਮੀਆਂ ਭਰਨ ਸਬੰਧੀ ਦਿੱਤੇ ਗਏ ਵਿਗਿਆਪਨ ਵਿੱਚ ਦਰਜ ਅਸਾਮੀਆਂ ਲਈ ਨਿਰਧਾਰਤ ਵਿਦਿਅਕ ਯੋਗਤਾਵਾਂ/ਤਜਰਬਾ ਅਤੇ ਹੋਰ ਸ਼ਰਤਾਂ /ਹਦਾਇਤਾਂ ਦਾ ਵੇਰਵਾ:-

| ਲੜੀ ਨੰ: | ਅਸਾਮੀ ਦਾ ਨਾਂ/ ਤਨਖਾਹ | ਅਸਾਮੀਆਂ ਦੀ ਗਿਣਤੀ | ਨਿਯੁਕਤੀ ਦੀ ਕਿਸਮ | ਯੋਗਤਾਵਾਂ |
|---|---|---|---|---|
| 1. | **ਲੈਬਾਟਰੀ ਅਟੈਂਡੰਟ**<br>ਪੇ ਸਕੇਲ 4900-10680 +1300 ਗਰੇਡ ਪੇ | 31 | ਰੈਗੂਲਰ | ਦਸਵੀਂ ਸਾਇੰਸ ਅਤੇ ਪੰਜਾਬੀ ਵਿਸ਼ੇ ਨਾਲ ਪਾਸ ਕੀਤੀ ਹੋਵੇ। |

**ਸ਼ਰਤਾਂ:-**

1. ਬਿਨੈ ਪੱਤਰ ਪ੍ਰਾਪਤ ਕਰਨ ਦੀ ਅੰਤਿਮ ਮਿਤੀ 9-ਮਈ -2011 .ਸਾਮ 5.00 ਵਜੇ ਤੱਕ ਹੈ। ਡਾਕ ਵਿੱਚ ਹੋਈ ਦੇਰੀ ਜਾਂ ਕਿਸੇ ਹੋਰ ਕਾਰਨ ਨਿਸਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ / ਅਧੂਰੀਆਂ ਅਰਜੀਆਂ ਵਿਚਾਰੀਆਂ ਨਹੀਂ ਜਾਣਗੀਆਂ।
2. ਅਰਜੀ ਨਾਲ ਵਿਦਿਅਕ ਯੋਗਤਾ ਅਤੇ ਤਜਰਬਾ ਆਦਿ ਸਬੰਧੀਦਸਤਾਵੇਜ਼ਾਂ ਦੀਆਂ ਤਸਦੀਕ ਸ਼ੁਦਾ ਕਾਪੀਆਂ ਜਰੂਰ ਲਗਾਈਆਂ ਜਾਣ।
3. ਉਮਰ ਦੀ ਹੱਦ 18 ਤੋਂ 35 ਸਾਲ ਹੈ। ਪੰਜਾਬ ਦੇ ਵਸਨੀਕ ਰਿਜਰਵ.ਕੈਟਾਗਰੀ ਦੇ ਉਮੀਦਵਾਰ ਨੂੰ ਸਰਕਾਰੀ ਹਦਾਇਤਾਂ ਅਨੁਸਾਰ ਉਮਰ ਦੀ ਹੱਦ ਵਿਚ ਛੋਟ ਹੋਵੇਗੀ। ਢੁਕਵੇਂ ਕੇਸ ਵਿੱਚ ਉਮਰ ਦੀ ਉਪਰਲੀ ਹੱਦ ਵਿੱਚ ਬੋਰਡ ਵੱਲੋਂ ਛੋਟ ਦਿੱਤੀ ਜਾ ਸਕਦੀ ਹੈ।
4. ਅਨਸੂਚਿਤ ਜਾਤੀ/ਕਬੀਲੇ/ ਪਛੜੀ ਸ੍ਰੇਣੀ/ਅੰਗਹੀਣ/ਸਾਬਕਾ ਫੌਜੀ ਜਾਂ ਕਿਸੇ ਹੋਰ ਰਿਜਰਵ ਕੈਟਗਰੀ ਨਾਲ ਸਬੰਧਤ ਹੋਣ ਦੀ ਸੂਰਤ ਵਿੱਚ ਸਰਟੀਫਿਕੇਟ, ਜੋ ਸਮੱਰਥ ਅਧਿਕਾਰੀ ਤੋ ਜਾਰੀ ਹੋਇਆ , ਲਗਾਇਆ ਜਾਵੇ।
5. ਅਸਾਮੀਆਂ ਦੀ ਗਿਣਤੀ ਵਿੱਚ ਵਾਧਾ-ਘਾਟਾ ਕੀਤਾ ਜਾ ਸਕਦਾ ਹੈ।
6. ਉਮੀਦਵਾਰਾਂ ਦੀ ਗਿਣਤੀ ਵਧੇਰੇ ਹੋਣ ਦੀ ਸੂਰਤ ਵਿੱਚ ਮੈਰਿਟ ਆਧਾਰ ਤੇ ਸਾਰਟ ਲਿਸਟ ਕੀਤਾ ਜਾ ਸਕਦਾ ਹੈ।
7. ਰਾਖਵੇਂਕਰਨ ਦੀ ਨੀਤੀ ਸਰਕਾਰੀ ਹਦਾਇਤਾਂ ਅਨੁਸਾਰ ਲਾਗੂ ਹੋਵੇਗੀ।
8. ਇਹਨਾਂ ਆਸਾਮੀਆਂ ਨੂੰ ਭਰਨ ਜਾਂ ਨਾ ਭਰਨ ਦਾ ਪੂਰਾ-ਪੂਰਾ ਅਧਿਕਾਰ ਦਫ਼ਤਰ ਪਾਸ ਹੋਵੇਗਾ।
9. ਨੌਕਰੀ ਕਰਦੇ ਉਮੀਦਵਾਰ ਆਪਣਾ ਬਿਨੇ ਪੱਤਰ ਯੋਗ ਪ੍ਰਣਾਲੀ ਰਾਹੀਂ ਭੇਜਣ।
10. ਜਿਸ ਲਿਫ਼ਾਫ਼ੇ ਵਿਚ ਬਿਨੈ-ਪੱਤਰ ਭੇਜਿਆ ਜਾਵੇ, ਉਸ ਉਤੇ **"ਲੈਬ.ਅਟੈਂਡਟ ਦੀ ਅਸਾਮੀ ਲਈ ਬਿਨੈ-ਪੱਤਰ"** ਜ਼ਰੂਰ ਲਿਖਿਆ ਜਾਵੇ।
11. ਇਹ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਰਾਜ ਦੇ ਹੇਠ ਲਿਖੇ ਪਿੰਡਾਂ ਵਿੱਚ ਹਨ। ਚੁਣੇ ਗਏ ਉਮੀਦਵਾਰਾਂ ਨੂੰ ਇਨ੍ਹਾਂ ਵਿੱਚੋਂ ਕਿਸੇ ਵੀ ਸਕੂਲ ਵਿੱਚ ਤਾਇਨਾਤ ਕੀਤਾ ਜਾ ਸਕਦਾ ਹੈ।
    1. ਆਦਰਸ਼ ਸੀਨੀ:ਸੈਕੰ: ਸਕੂਲ ਭਾਗੂ (ਸ੍ਰੀ ਮੁਕਤਸਰ ਸਾਹਿਬ)
    2. ਆਦਰਸ਼ ਸੀਨੀ:ਸੈਕੰ: ਸਕੂਲ ਕੋਟਭਾਈ (ਸ੍ਰੀ ਮੁਕਤਸਰ ਸਾਹਿਬ)
    3. ਆਦਰਸ਼ ਸੀਨੀ:ਸੈਕੰ: ਸਕੂਲ ਸੀਰਵਾਲੀ-ਭੰਗੇਵਾਲਾ (ਸ੍ਰੀ ਮੁਕਤਸਰ ਸਾਹਿਬ)
    4. ਆਦਰਸ਼ ਸੀਨੀ:ਸੈਕੰ: ਸਕੂਲ ਸ਼ਹਿਜਾਦਾ ਸੰਤ ਸਿੰਘ (ਫਿਰੋਜਪੁਰ)
    5. ਆਦਰਸ਼ ਸੀਨੀ:ਸੈਕੰ: ਸਕੂਲ ਨੰਦਗੜ੍ਹ (ਬਠਿੰਡਾ)
    6. ਆਦਰਸ਼ ਸੀਨੀ:ਸੈਕੰ: ਸਕੂਲ ਧਰਦਿਓ ਬੁੱਟਰ (ਅੰਮ੍ਰਿਤਸਰ)
    7. ਆਦਰਸ਼ ਸੀਨੀ:ਸੈਕੰ: ਸਕੂਲ ਜਵਾਹਰ ਸਿੰਘ ਵਾਲਾ (ਮੋਗਾ)
    8. ਆਦਰਸ਼ ਸੀਨੀ:ਸੈਕੰ: ਸਕੂਲ ਖੰਭਾ (ਮੋਗਾ)
    9. ਆਦਰਸ਼ ਸੀਨੀ:ਸੈਕੰ: ਸਕੂਲ ਖਟਕੜ੍ਹ ਕਲਾਂ (ਸ.ਭ.ਸ.ਨਗਰ)
    10. ਆਦਰਸ਼ ਸੀਨੀ:ਸੈਕੰ: ਸਕੂਲ ਰਾਣੀਵਾਲਾ (ਸ੍ਰੀ ਮੁਕਤਸਰ ਸਾਹਿਬ)
    11. ਆਦਰਸ਼ ਸੀਨੀ:ਸੈਕੰ: ਸਕੂਲ ਈਨਾ ਖੇੜਾ (ਸ੍ਰੀ ਮੁਕਤਸਰ ਸਾਹਿਬ)

## ਹੇਠ ਦਿੱਤੀ ਸੂਚਨਾ ਉਮੀਦਵਾਰ ਆਪਣੇ ਹੱਥੀ ਭਰੇ

ਤਸਦੀਕਸ਼ੁਦਾ ਫੋਟੋ ਲਈ ਥਾਂ

1. ਇਸ਼ਤਿਹਾਰ ਨੰ: ਅਤੇ ਮਿਤੀ.....................ਅਸਾਮੀ ਦਾ ਨਾਂ. ਲੈਬ.ਅਟੈਂਡੈਂਟ

2(a) ਉਮੀਦਾਵਾਰ ਦਾ ਨਾਂ (ਪੰਜਾਬੀ ਵਿੱਚ)................................................

2(b) ਉਮੀਦਾਵਾਰ ਦਾ ਨਾਂ(In English)................................................

3(a) ਪਿਤਾ ਦਾ ਨਾਂ(ਪੰਜਾਬੀ ਵਿੱਚ)........................................................

3(b) ਪਿਤਾ ਦਾ ਨਾਂ(In English)........................................................

4. ਜਨਮ ਮਿਤੀ ........................................................

5. ਰਿਹਾਇਸੀ ਪਤਾ ..........................................................

..........................................................

..........................................................

ਫੋਨ ਨੰ: ......................... ਮੋਬਾਇਲ ਨੰ:...........................

6. ਬੋਰਡ ਰਸੀਦ ਨੰ:/ਡਰਾਫਟ ਨੰ:..................ਮਿਤੀ....................ਰਕਮ ........................

6. ਕੌਮੀਅਤ ....................................

7. ਸ਼੍ਰੇਣੀ ਜਿਸ ਨਾਲ ਤੁਸੀ ਸਬੰਧਤ ਹੋ ....................................

(ਸਬੂਤ ਵਜੋਂ ਸਰਕਾਰ ਦੀਆਂ ਮੌਜੂਦਾ ਹਦਾਇਤਾਂ ਅਨੁਸਾਰ ਜਾਰੀ ਸਰਟੀਫਿਕੇਟ ਪੇਸ਼ ਕੀਤਾ ਜਾਵੇ)

8. ਕੀ ਤੁਸੀਂ ਉਮਰ ਦੀ ਉਪਰਲੀ ਹੱਦ ਵਿੱਚ ਛੋਟ ਲਈ ਕਲੇਮ .........................
ਕੀਤਾ ਹੈ? ਜੇਕਰ ਹਾਂ, ਤਾਂ ਆਧਾਰ ਸਪੱਸਟ ਕੀਤਾ ਜਾਵੇ।

9. ਵਿੱਦਿਅਕ ਯੋਗਤਾ (ਦਸਵੀਂ ਪੱਧਰ ਤੋਂ ਲੈ ਕੇ )

| ਪਾਸ ਕੀਤੀ ਪ੍ਰੀਖਿਆ | ਬੋਰਡ/ਯੂਨੀਵਰਸਿਟੀ ਦਾ ਨਾਂ | ਕੱਲ ਅੰਕ | ਪ੍ਰਾਪਤ ਅੰਕ | ਪ੍ਰਤੀਸ਼ਤਤਾ |
|---|---|---|---|---|
| ਮੈਟ੍ਰਿਕ | | | | |
| ਮੈਟ੍ਰਿਕ ਪੱਧਰ ਦੀ ਸਾਇੰਸ | | | | |
| ਮੈਟ੍ਰਿਕ ਪੱਧਰ ਦੀ ਪੰਜਾਬੀ | | | | |
| ਉਚੇਰੀ ਯੋਗਤਾ | | | | |
| | | | | |
| | | | | |

10. ਤਜਰਬਾ .......................................

11. ਹੋਰ ਗਤੀਵਿਧੀਆਂ .............................................

12. ਭਾਸ਼ਾਵਾਂ ਦੀ ਜਾਣਕਾਰੀ .............................................

13. ਕੀ ਤੁਹਾਨੂੰ ਕਦੇ ਅਦਾਲਤ ਵੱਲੋਂ ਸਜਾ ਹੋਈ ਹੈ ਜਾਂ
ਤੁਹਾਡੇ ਵਿਰੁੱਧ ਕੋਈ ਕੇਸ ਜਾਂ ਵਿਭਾਗੀ ਕਾਰਵਾਈ ਚੱਲ ਰਹੀ ਹੈ?.................................

14. ਕੀ ਤੁਹਾਡਾ ਕੋਈ ਰਿਸਤੇਦਾਰ ਪੰਜਾਬ ਸਕੂਲ ਸਿੱਖਿਆ ਬੋਰਡ ...................................
ਵਿੱਚ ਨੌਕਰੀ ਕਰਦਾ ਹੈ/ਸੀ?

ਤਸਦੀਕ:- ਮੈਂ ਤਸਦੀਕ ਕਰਦਾ /ਕਰਦੀ ਹਾਂ ਕਿ ਉਪਰੋਕਤ ਦਿੱਤੀ ਗਈ ਸੂਚਨਾਂ ਬਿਲਕੁੱਲ ਸਹੀ ਹੈ ਅਤੇ ਕਿਸੇ ਵੀ ਸਮੇਂ ਤੇ ਇਹ ਸੂਚਨਾ ਠੀਕ ਨਾ ਪਾਏ ਜਾਣ ਦੀ ਸੂਰਤ ਵਿੱਚ ਮੇਰੀ ਨੌਕਰੀ/ਸਰਵਿਸ ਦੀ ਪਾਤਰਤਾ ਤੇ ਲਾਭ ਰੱਦ ਕਰਨ ਲਈ ਬੋਰਡ ਕੋਲ ਅਧਿਕਾਰ ਹੋਵੇਗਾ ਤੇ ਮੈਂ ਕਾਨੂੰਨ ਅਨੁਸਾਰ ਦੰਡ ਦਾ ਭਾਗੀ ਹੋਵਾਂਗਾ/ਹੋਵਾਂਗੀ।

ਮਿਤੀ : .................................

ਸਥਾਨ: ਉਮੀਦਵਾਰ ਦੇ ਹਸਤਾਖ